IJCRT.ORG ISSN : 2320-2882

INTERNATIONAL JOURNAL OF CREATIVE RESEARCH THOUGHTS (IJCRT)
An International Open Access, Peer-reviewed, Refereed Journal

# ਭਗਤ ਕਬੀਰ ਜੀ: ਵੇਲ਼ਾ ਤੇ ਪ੍ਰੇਮ ਬੰਦਗ਼ੀ/ *ਲਖਵੀਰ ਲੈਜ਼ੀਆ (ਡਾ.)*

# Bhagat Kabir Ji: Affection And Devotion For Human/ *Lakhvir Lezia (Dr.)*

**Lakhvir Lezia (Dr)**

**Assistant Professor,**

**Dept. SLLC, PBI**

**Central University of Punjab**

**(Abstract)**

ਕਬੀਰ ਜੀ ਨੇ ਆਪਣੇ ਭਾਵਾਂ ਦੀ ਅਭਿਵਿਅਕਤੀ ਲਈ ਪ੍ਰੇਮ ਨੂੰ ਮਾਰਗ ਬਣਾਇਆ। ਉਹਨਾਂ ਦਾ ਪ੍ਰੇਮਾ ਭਗਤੀ ਦਾ ਮਾਰਗ ਉਹਨਾਂ ਨੂੰ ਰਹੱਸਮਈ ਸਾਧਨਾ ਤੱਕ ਪਹੁੰਚਾਉਂਦਾ ਹੈ ਕਿਉਂ ਜੋ ਪ੍ਰੇਮ ਦਾ ਅਸਲ ਰਸ ਉਹੀ ਚੱਖ਼ ਸਕਦਾ ਹੈ ਜਿਸ ਨੇ ਇਸ ਦਾ ਨਿੱਜੀ ਅਨੁਭਵ ਕੀਤਾ ਹੋਵੇ। ਨਿੱਜੀ ਅਨੁਭਵ ਤੋਂ ਬਿਨਾਂ ਇਸ ਨੂੰ ਨਾ ਤਾਂ ਮਹਿਸੂਸ ਤੇ ਨਾ ਹੀ ਬਿਆਨ ਨਹੀਂ ਕੀਤਾ ਜਾ ਸਕਦਾ ਹੈ। ਇਸੇ ਲਈ ਇਹ ਰੱਹਸਮਈ ਸਾਧਨਾ 'ਚ ਪਰਿਵਰਤਿਤ ਹੋ ਗਿਆ। ਕਬੀਰ ਜੀ ਦਾ ਪ੍ਰੇਮ ਪੰਧ ਦੂਸਰਿਆਂ ਤੋਂ ਵੱਖਰਾ, ਵਿਸ਼ੇਸ਼ ਅਤੇ ਵਿੱਲਖਣ ਹੈ। ਅਜਿਹਾ ਬੁੱਧੀ ਬਲ ਅਤੇ ਸਾਹਸ ਲੈ ਕੇ ਕਬੀਰ ਜੀ ਸਾਧਨਾ ਦੇ ਮੈਦਾਨ 'ਚ ਉਤਰੇ। ਅਸਵੀਕਾਰ,ਰੱਦ ਕਰਨਾ, ਨਕਾਰਨਾ ਕੋਈ ਵੱਡੀ ਪ੍ਰਾਪਤੀ ਨਹੀਂ ਹੈ। ਕੋਈ ਵੀ ਕਰ ਸਕਦਾ ਹੈ। ਪਰ ਕਿਸੇ ਵੱਡੇ ਲਕਸ਼ ਲਈ ਅਸਵੀਕਾਰ ਕਰਨਾ, ਸਾਹਸ ਦਾ ਕੰਮ ਹੈ। ਬਿਨਾਂ ਉਦੇਸ਼ ਦਾ ਵਿਦਰੋਹ ਵਿਨਾਸ਼ ਵਾਲਾ ਹੈ ਪਰ ਸਾਧੂ ਉਦੇਸ਼ ਦਾ ਵਿਦਰੋਹ ਇੱਕ ਸੂਰਮੇ ਦਾ ਸੂਰ ਧਰਮ ਹੈ। ਉਹਨਾਂ ਨੇ ਅਟੱਲ ਵਿਸ਼ਵਾਸ ਦੇ ਨਾਲ ਆਪਣੇ ਪ੍ਰੇਮ ਦਾ ਪੰਧ ਚੁਣਿਆ। ਕਬੀਰ ਨੇ ਸਾਰੇ ਬ੍ਰਹਮਚਾਰੀਆਂ ਨੂੰ ਅਸਵੀਕਾਰ ਕਰਕੇ ਮਨੁੱਖ ਨੂੰ ਸਧਾਰਨ ਮਨੁੱਖ ਦੇ ਆਸਣ 'ਤੇ ਅਤੇ ਰੱਬ ਨੂੰ "ਨਿਰਪੱਖ" ਰੱਬ ਦੇ ਆਸਣ 'ਤੇ ਬਿਠਾਉਣ ਦੀ ਸਾਧਨਾ ਕੀਤੀ ਸੀ। ਜਿਸ ਦਾ ਸਿੱਟਾ ਇਹ ਹੋਇਆ ਕਿ ਅੱਗੇ ਚੱਲ ਕੇ ਬਾਬਾ ਨਾਨਕ ਦੀ ਅਗਵਾਈ ਵਿੱਚ ਗੁਰੂ ਗੋਬਿੰਦ ਸਿੰਘ ਜੀ ਤੱਕ ਨਿਰਪੱਖ ਰੱਬ (ਇੱਕ ਓਕਾਂਰ) ਦਾ ਇਹ ਸੰਕਲਪ ਚਲਦਾ ਰਿਹਾ ਤੇ ਅੱਜ ਵੀ ਚੱਲ ਰਿਹਾ ਹੈ। ਪਰ ਲੋੜ ਹੈ ਇਸ ਨੂੰ ਅਮਲੀ ਪੱਧਰ 'ਤੇ ਧਾਰਨ ਕਰਨ ਦੀ।

**(Key words)** : ***ਪ੍ਰੇਮ ਬੰਦਗ਼ੀ,ਦਸਤਕਾਰ, ਰੱਹਸਮਈ, ਸਾਧਨਾ, ਭਾਰਤੀ, ਸਮਾਜ, ਰਹਿਤਲ, ਵਸੇਬ, ਭਗਤੀ, ਲਹਿਰ***

**(Research Paper**)

ਭਗਤ ਕਬੀਰ ਜੀ ਪੰਦਰਵੀਂ ਸਦੀ 'ਚ ਹੋਏ । ਉਸ ਵੇਲ਼ੇ ਹਿੰਦੋਸਤਾਨੀ ਰਹਿਤਲ ਤੇ ਵਸੇਬ 'ਤੇ ਬਾਹਰੀ ਹਮਲਿਆਂ ਦਾ ਬੋਲ ਵਾਲਾ ਵਧੇਰੇ ਸੀ। ਮੁਸਲਮਾਨੀ ਬਾਦਸ਼ਾਹਤ ਦਿੱਲੀ 'ਤੇ ਕਾਬਜ ਹੋ ਰਹੀ ਸੀ। ਦੂਸਰੇ ਪਾਸੇ ਦੱਖਣੀ ਹਿੰਦੋਸਤਾਨ ਤੋਂ ਭਗਤੀ ਲਹਿਰ ਆਪਣੇ ਸਿਖ਼ਰ ਵੱਲ ਵੱਧ ਰਹੀ ਸੀ। ਇਸ 'ਚ ਨੀਵੇ, ਨਿਤਾਣੇ, ਨਿਮਾਣੇ, ਹੀਣੇ, ਕੰਮੀ, ਕੰਮੀਨ ਅਤੇ ਵਿਸ਼ੇਸ਼ ਤੌਰ 'ਤੇ ਦਸਤਕਾਰਾਂ (ਹੱਥੀ ਕੰਮ ਕਰਨ ਵਾਲੇ ਕਾਰੀਗਰ, ਆਪੋ-ਆਪਣੇ ਕਿੱਤੇ ਦੇ ਮਾਹਿਰ ਧਨੀ ਲੋਕ) ਦੀ ਵੱਡੀ ਧਿਰ ਸ਼ਾਮਿਲ ਸੀ। ਉਹਨਾਂ ਦੀ ਆਵਾਜ਼ ਆਪਣੇ ਹੱਕ ਤੇ ਹੋਂਦ ਲਈ ਗੂੰਜ ਰਹੀ ਸੀ। ਕਿਉਂ ਜੋ ਇਹਨਾਂ ਦਸਤਕਾਰਾਂ 'ਤੇ ਹੋ ਰਿਹਾ ਜ਼ਬਰ-ਜ਼ੁਲਮ ਇੰਤਹਾਂ ਦੀ ਹੱਦ ਪਾਰ ਕਰ ਚੁੱਕਾ ਸੀ। ਜਦ ਕਿ ਉਸ ਵੇਲ਼ੇ 'ਚ ਉਸਰ ਰਹੀਆਂ ਰਿਆਸਤਾਂ, ਬਾਦਸ਼ਾਹੀਆਂ ਤੇ ਰਾਜਸ਼ਾਹੀਆਂ ਇਹਨਾਂ ਦਸਤਕਾਰਾਂ ਦੀ ਕਿਰਤ ਦੀ ਲੁੱਟ ਖੋਹ ਨਾਲ ਹੀ ਵੱਧ ਫੁੱਲ ਰਹੀਆਂ ਸਨ। ਸਮਾਜਿਕ, ਧਾਰਮਿਕ ਅਤੇ ਆਰਥਿਕ ਪੱਧਰ ਉੱਤੇ ਵਾਪਰ ਰਹੇ ਵਰਤਾਰੇ ਨੇ ਇਹਨਾਂ ਦਸਤਕਾਰਾਂ ਨੂੰ ਜਿਉਣ-ਜੋਗਰਾ ਨਹੀਂ ਛੱਡਿਆ। ਅਜਿਹੇ ਜ਼ਬਰ-ਜ਼ੁਲਮ ਦੇ ਵਿਰੋਧ 'ਚ ਵਿਸ਼ੇਸ਼ ਤੌਰ 'ਤੇ ਦਸਤਕਾਰਾਂ ਨੇ ਆਪਣੀ ਆਵਾਜ਼ ਬੁਲੰਦ ਕੀਤੀ। ਜਿਨਾਂ ਵਿੱਚ ***ਭਗਤ ਨਾਮਦੇਵ ਜੀ, ਕਬੀਰ ਜੀ ਅਤੇ ਰਵਿਦਾਸ ਜੀ*** ਆਦਿ ਆਉਂਦੇ ਹਨ। ਇਹ ਹੱਥੀ ਕਿਰਤ ਕਰਨ ਵਾਲੇ ਦਸਤਕਾਰ ਅਤੇ ਮਨੁੱਖੀ ਪ੍ਰੇਮ ਦੀ ਬੰਦਗੀ ਕਰਨ ਵਾਲੇ ਸਨ। ਦਸਤਕਾਰੀ ਦੇ ਗਿਆਨ ਦੇ ਨਾਲ- ਨਾਲ ਇਹਨਾਂ ਨੇ ਸਮਾਜ ਨੂੰ ਰੰਗਣ, ਜੋੜਨ, ਅਤੇ ਗੰਢਣ ਦਾ ਕੰਮ ਵੀ ਕੀਤਾ। ਇਸ ਮਜ਼ਮੂਨ ਵਿੱਚ ਵਿਸ਼ੇਸ਼ ਤੌਰ 'ਤੇ ਪ੍ਰੇਮ ਦੀ ਬੰਦਗੀ ਤੇ ਕੱਪੜੇ ਦੀ ਦਸਤਕਾਰੀ ਕਰਨ ਵਾਲੇ ਕਬੀਰ ਜੀ ਦੇ ਬਾਰੇ ਵਿਚਾਰ ਕੀਤਾ ਜਾਏਗਾ।

ਭਾਰਤ 'ਚ ਜਿਸ ਵੇਲ਼ੇ ਇਸਲਾਮ ਵਰਗੇ ਸੰਗਠਿਤ ਮਤ ਦੀ ਆਮਦ ਹੋਈ ਤਾਂ ਇਸ ਨਾਲ ਸਦੀਆਂ ਤੋਂ ਚੱਲੀ ਆ ਰਹੀ ਸਮਾਜਿਕ ਅਤੇ ਜਟਿਲ ਰੀਤ ਨੂੰ ਖੋਰਾ ਲੱਗਿਆ। ਵਿਸ਼ੇਸ਼ ਤੌਰ 'ਤੇ ਇਹ ਖੋਰਾ ਸਮਾਜਿਕ ਪੱਧਰ 'ਤੇ ਜੜ ਹੋ ਚੁੱਕੀਆਂ ਰੂੜੀਆਂ ਨੂੰ ਲੱਗਾ। ਸਭ ਤੋਂ ਪਹਿਲਾਂ ਇਸ ਦਾ ਪ੍ਰਭਾਵ ਧਾਰਮਿਕ ਮਤ ਅਤੇ ਦੂਸਰਾ ਸਮਾਜਿਕ ਵਿਵਸਥਾ ਉੱਤੇ ਪਿਆ। ਇਹ ਦੋ ਅਜਿਹੇ ਖੇਤਰ ਹਨ ਜਿਸ ਤੋਂ ਕਿਸੇ ਵੀ ਸਮਾਜ, ਸਮੂਹ, ਦੇਸ਼ ਅਤੇ ਕੌਮ ਦੀ ਪਹਿਚਾਣ ਬਣਦੀ ਹੈ। ਇਹਨਾਂ ਦੋਵਾਂ ਦੇ ਅਧਾਰ 'ਤੇ ਭਾਰਤ 'ਚ ਪਲੀ-ਪਸਰੀ, ਉਸਰੀ, ਫੈਲੀ ਤੇ ਨਿੱਜੀ ਹਿੱਤਾਂ ਲਈ ਪ੍ਰਚਾਰੀ ਤੇ ਪ੍ਰਸਾਰੀ ਗਈ ਜ਼ਾਤੀ ਵਿਵਸਥਾ ਨੂੰ ਪਹਿਲੀ ਵਾਰ ਜ਼ਬਰਦਸਤ ਠੋਕਰ ਵੱਜੀ। ਇਹ ਅਜਿਹੀ ਠੋਕਰ ਸੀ ਜਿਸ ਨਾਲ ਸਮੁੱਚਾ ਬ੍ਰਾਹਮਣਵਾਦ ਅਤੇ ਉਸ ਦਾ ਸਮਾਜਿਕ ਢਾਂਚਾ ਆਪਣੇ ਪੈਰਾਂ ਤੋਂ ਥਿੜਕ ਗਿਆ। ਅਸਲ 'ਚ ਇਸਲਾਮ ਤੋਂ ਪਹਿਲਾਂ ਜਿੰਨੇ ਵੀ ਕਬੀਲੇ, ਨਸਲਾਂ, ਜ਼ਾਤੀਆਂ, ਹੂਣ, ਆਂਧਰ, ਪੁਕਸ, ਅਭੀਰ, ਸ਼ੁੰਗ, ਯਵਨ, ਖਸ, ਸ਼ੱਕ, ਮੰਗੋਲ ਆਦਿ ਆਏ ਉਹ ਇਥੋਂ ਦੀ ਸੱਭਿਆਚਾਰਕ ਅਤੇ ਸੰਸਕ੍ਰਿਤੀ ਵਿੱਚ ਲੁਪਤ ਹੋ ਗਏ। ਇਸ ਦਾ ਕਾਰਨ ਇਹ ਸੀ ਉਹਨਾਂ ਲੋਕਾਂ ਦੀ ਧਰਮ ਸਾਧਨਾ ਵਿਅਕਤੀਗਤ ਸੀ। ਹਰ ਮਨੁੱਖ ਦੀ ਆਪੋ-ਆਪਣੀ ਸ਼ਰਧਾ,ਆਸਥਾ,ਭਾਵ ਅਤੇ ਵਿਧੀ ਹੋ ਸਕਦੀ ਹੈ ਪਰ ਯਾਦ ਰਹੇ ਕਿ ਇਕੱਠੇ ਹੋ ਕੇ ਉਤਸਵ ਮਨਾਏ ਜਾ ਸਕਦੇ ਹਨ ਪ੍ਰੰਤੂ ਭਜਨ ਬੰਦਗੀ ਨਹੀਂ ਕੀਤੀ ਜਾ ਸਕਦੀ। ਇਸ ਲਈ ਵਿਅਕਤੀ ਆਪ ਜ਼ਿੰਮੇਵਾਰ ਹੈ। ਪਰ ਪਹਿਲੀ ਵਾਰ ਹਿੰਦੋਸਤਾਨ 'ਚ ਸੰਗਠਤ, ਸਮੂਹਕ ਤੇ ਮਜ਼ਬੀ ਰੂਪ ਵਿੱਚ ਇਸਲਾਮ ਦਾ ਆਗਮਨ ਹੋਇਆ। ਇਸ ਦਾ ਅਰਥ ਹੈ ਕਿਸੇ ਇੱਕ ਨੂੰ ਹੀ ਆਪਣਾ ਇਸ਼ਟ, ਦੇਵਤਾ ਜਾਂ ਪੀਰ-ਪੈਗੰਬਰ ਮੰਨਣਾ। ਅਜਿਹਾ ਸੰਗਠਿਤ ਸਮੂਹ ਆਪ ਕਿਸੇ ਵਿੱਚ ਸ਼ਾਮਿਲ ਨਹੀਂ ਹੁੰਦਾ ਸਗੋਂ ਦੂਸਰਿਆਂ ਨੂੰ ਆਪਣੇ ਵਿੱਚ ਸ਼ਾਮਿਲ ਕਰਦਾ ਹੈ ਤੇ ਉਸ ਨੂੰ ਉਸ ਦੇ ਪਹਿਲੇ ਨਾਲੋਂ ਤੋੜਦਾ ਹੈ। ਇਸਲਾਮ ਨੇ ਹੀ ਭੂਮਿਕਾ ਹਿੰਦੋਸਤਾਨ 'ਚ ਅਦਾ ਕੀਤੀ।

ਵਿਚਾਰਨ ਯੋਗ ਹੈ ਕਿ ਇਸਲਾਮ ਇੱਕ ਮਜ਼ਹਬ ਹੈ ਜਿਹੜਾ ਜ਼ਾਤੀਗਤ ਵਿਸ਼ੇਸ਼ਤਾ ਨੂੰ ਨਹੀਂ ਮੰਨਦਾ ਸਗੋਂ ਸਮੂਹਗਤ ਧਰਮ ਸਾਧਨਾ 'ਤੇ ਖੜਾ ਹੈ। ਇਸ ਦੇ ਮੁਕਾਬਲੇ ਭਾਰਤੀ ਸਮਾਜ ਸੰਗਠਨ ਤੋਂ ਬਿਲਕੁਲ ਉਲਟ ਹੈ। ਹਜਾਰੀ ਪ੍ਰਸਾਦ ਦ੍ਵਿਵੇਦੀ ਅਨੁਸਾਰ, *"ਭਾਰਤੀ ਸਮਾਜ ਜ਼ਾਤੀਗਤ ਵਿਸ਼ੇਸ਼ਤਾ ਰੱਖ ਕੇ ਵਿਅਕਤੀਗਤ ਸਾਧਨਾ ਦਾ ਪੱਖਪਾਤੀ ਸੀ।"* [1] ਬਲਕਿ ਅੱਜ ਵੀ ਹੈ। ਇਹੀ ਕਾਰਨ ਹੈ ਕਿ ਦੋਵੇਂ ਇੱਕ ਦੂਜੇ ਦੇ ਸਾਹਮਣੇ ਖੜੇ ਸਨ। ਇਹੋ-ਜਿਹੇ ਵੇਲ਼ੇ 'ਚ ਭਗਤ ਕਬੀਰ ਜੀ ਦਾ ਜਨਮ ਹੋਇਆ।

ਕਬੀਰ ਜੀ ਦਾ ਵੇਲ਼ਾ 1398 ਈਂ ਤੋਂ 1448ਈ. ਤੱਕ ਮੰਨਿਆ ਜਾਂਦਾ ਹੈ। ਸ਼ਰਧਾ-ਆਸਥਾ ਪੱਖੋਂ ਉਹਨਾਂ ਨੂੰ ***ਕਬੀਰ ਸ਼ਾਹ, ਬਾਬਾ ਕਬੀਰ, ਕਬੀਰ ਦਾਸ, ਕਬੀਰ ਫ਼ਕੀਰ ਅਤੇ ਭਗਤ ਕਬੀਰ*** ਜੀ ਆਦਿ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਕਬੀਰ ਜੀ ਦਾ ਪਾਲਣ-ਪੋਸ਼ਣ ਜੁਲਾਹਾ ਪਰਿਵਾਰ ਵਿੱਚ ਹੋਇਆ। ਇਸ ਦਾ ਪ੍ਰਮਾਣ ਉਹਨਾਂ ਦੀ ਰਚਨਾਕ੍ਰਿਤ ਵਿੱਚੋਂ ਵੀ ਮਿਲਦਾ ਹੈ। ਜੁਲਾਹਾ ਫ਼ਾਰਸੀ ਦਾ ਸ਼ਬਦ ਹੈ।

ਅਸਲ 'ਚ ਜੁਲਾਹੇ ਮੁਸਲਮਾਨ ਹਨ ਪਰ ਇਹਨਾਂ ਤੋਂ ਹੋਰ ਮੁਸਲਮਾਨਾਂ ਦਾ ਮੌਲਿਕ ਭੇਦ ਹੈ। 1901 ਦੀ ਮਨੁੱਖੀ ਜਨਗਣਨਾ ਦੇ ਆਧਾਰ 'ਤੇ ਰਿਜਲੀ ਨੇ ਪੀਪਲਸ ਆਫ ਇੰਡੀਆ ਨਾਮਕ ਇੱਕ ਗ੍ਰੰਥ ਲਿਖਿਆ ਸੀ। ਇਸ ਗ੍ਰੰਥ ਵਿੱਚ ਉਹਨਾਂ ਨੇ ਤਿੰਨ ਤਰਾਂ ਦੀਆਂ ਮੁਸਲਮਾਨ ਜ਼ਾਤੀਆਂ ਦੀ ਤੁਲਨਾ ਕੀਤੀ ਸੀ। ਇਹ ਤਿੰਨ ਸੱਯਦ, ਪਠਾਣ ਅਤੇ ਜੁਲਾਹੇ। ਇਹਨਾਂ ਵਿੱਚੋਂ ਪਠਾਣ ਤਾਂ ਭਾਰਤ ਵਿੱਚ ਸਭ ਤੋਂ ਵੱਧ ਫੈਲੇ ਹੋਏ ਹਨ ਪਰ ਉਹਨਾਂ ਦੀ ਸੰਖਿਆ ਜ਼ਿਆਦਾ ਨਹੀਂ ਹੈ। ਲੱਗਦਾ ਹੈ ਕਿ ਬਿਹਾਰ ਤੋਂ ਆ ਕੇ ਹੋਰ ਕਈ ਸਥਾਨਾਂ 'ਤੇ ਆਪਣੀ ਸੁਵਿਧਾ ਦੇ ਅਨੁਸਾਰ ਵੱਸ ਗਏ। ਪਰ ਜੁਲਾਹੇ ਪੰਜਾਬ, ਉੱਤਰ ਪ੍ਰਦੇਸ਼, ਬਿਹਾਰ ਅਤੇ ਬੰਗਾਲ ਵਿੱਚ ਹੀ ਜ਼ਿਆਦਾਤਰ ਹੁੰਦੇ ਹਨ। ਇਹ ਜਿੱਥੇ ਵੀ ਹਨ ਉਥੇ ਬਹੁ-ਗਿਣਤੀ 'ਚ ਹਨ। ਇਕ ਪੂਰੇ ਦਾ ਪੂਰਾ ਭੂ-ਖੰਡ ਇਹਨਾਂ ਨਾਲ ਭਰਿਆ ਪਿਆ ਹੈ। ਪੰਜਾਬ ਵਿੱਚ ਇਹਨਾਂ ਦੀ ਸੰਖਿਆ 69519, ਉੱਤਰ ਪ੍ਰਦੇਸ਼ ਵਿੱਚ 923 032 ਬੰਗਾਲ ਤੇ ਬਿਹਾਰ 'ਚ 9,242 049 ਸੀ। ਪੰਜਾਬ ਵਿੱਚ ਇਹਨਾਂ ਦੀ ਬਸਤੀ ਕਸ਼ਮੀਰ ਰਿਆਸਤ ਦੀ ਦੱਖਣ ਸੀਮਾ ਤੋਂ ਆਰੰਭ ਹੋ ਕੇ ਕੁਝ ਦੂਰ ਤੱਕ ਪੰਜਾਬ ਦੇ ਉੱਤਰੀ ਕਿਨਾਰੇ 'ਤੇ ਫੈਲੀ ਹੋਈ ਹੈ।................ ਉੱਤਰੀ ਪੰਜਾਬ ਤੋਂ ਲੈ ਕੇ ਢਾਕਾ ਕਸ਼ਮੀਰ ਤੱਕ ਫੈਲੇ ਹੋਏ ਹਨ। ਇਹਨਾਂ ਪ੍ਰਦੇਸ਼ਾਂ ਵਿੱਚ ਕਦੀ ਨਾਥ ਪੰਥੀ ਯੋਗੀਆਂ ਦਾ ਬੜਾ ਜ਼ਬਰਦਸਤ ਪ੍ਰਭਾਵ ਸੀ। ਰਿਜਲੀ ਦਾ ਅਨੁਮਾਨ ਹੈ ਕਿ ਜੁਲਾਹਾ ਜ਼ਾਤੀ ਕਿਸੇ ਨਿਮਨ ਸਤਰ ਦੀ ਭਾਰਤੀ ਜ਼ਾਤੀ ਦਾ ਮੁਸਲਮਾਨੀ ਰੂਪ ਹੈ। ਸਮਾਜਿਕ ਸਥਿਤੀ ਚੰਗੀ ਨਾ ਹੋਣ ਕਾਰਨ ਨਵੇਂ ਧਰਮ ਵਿੱਚ ਕੁਝ ਚੰਗਾ ਸਥਾਨ ਪਾਉਣ ਦੀ ਆਸ਼ਾ ਨਾਲ ਇਹਨਾਂ ਨੇ ਸਮੂਹ ਰੂਪ ਵਿੱਚ ਧਰਮ ਗ੍ਰਹਿਣ ਕੀਤਾ ਹੋਏਗਾ। ਇਹੀ ਕਾਰਨ ਹੈ ਕਿ ਸੱਯਦ ਅਤੇ ਪਠਾਣਾਂ ਦੀ ਤਰ੍ਹਾਂ ਸਾਰੇ ਭਾਰਤ ਵਿੱਚ ਫ਼ੈਲੇ ਹੋਏ ਨਹੀਂ ਹਨ ਬਲਕਿ ਆਪਣੇ ਮੂਲ ਨਿਵਾਸ ਸਥਾਨ ਵਿੱਚ ਹੀ ਪਾਏ ਜਾਂਦੇ ਹਨ।[2]

*1901 ਦੀ ਜਨਗਣਨਾ ਦੇ ਆਧਾਰ 'ਤੇ ਭਾਰਤੀ ਜ਼ਾਤੀਆਂ ਦੇ ਸੰਬੰਧ ਵਿੱਚ ਜੋ ਅਧਿਅਨ ਬੇਨਸ ਨੇ ਕੀਤਾ ਹੈ ਦਾ ਮੰਨਣਾ ਹੈ ਕਿ, ਉਹਨਾਂ ਨੇ 22 ਤਰਾਂ ਦੀਆਂ ਵਹਿਨਜੀਵੀ ਅਰਥਾਤ ਕੱਪੜਾ ਬੁਣ-ਬੁਣ ਕੇ ਜੀਵਨ ਬਸਰ ਕਰਨ ਵਾਲੀਆਂ ਜ਼ਾਤੀਆਂ ਦਾ ਉਲੇਖ ਕੀਤਾ ਹੈ। ਇਹਨਾਂ ਦੀ ਸੰਖਿਆ ਇਕ ਕਰੋੜ ਤੋਂ ਉੱਪਰ ਹੈ। ਸਾਰੇ ਹਿੰਦੁਸਤਾਨ ਵਿੱਚ ਭਾਰਤ ਵਿੱਚ ਇਹ ਸਾਰੀਆਂ ਜ਼ਾਤੀਆਂ ਦੀ ਸਮਾਜਿਕ ਮਰਿਆਦਾ ਇੱਕੋ-ਜਿਹੀ ਨਹੀਂ ਹੈ।*[3] ਉੱਤਰ ਭਾਰਤ ਵਿੱਚ ਕੱਪੜਾ ਬੁਣਨ ਵਾਲੇ ਕੋਰੀ ਪ੍ਰਮੁੱਖ ਹਨ। ਬੇਨਸ, ਜੁਲਾਹਿਆਂ ਨੂੰ ਕੋਰੀਆ ਦੀ ਜ਼ਾਤੀ ਹੀ ਮੰਨਦੇ ਹਨ। ਕੁਝ ਪੰਡਤਾਂ ਨੇ ਇਹ ਵੀ ਅਨੁਮਾਨ ਲਗਾਇਆ ਹੈ ਕਿ ਮੁਸਲਮਾਨੀ ਧਰਮ ਗ੍ਰਹਿਣ ਕਰਨ ਵਾਲੇ ਕੋਰੀ ਹੀ ਜੁਲਾਹੇ ਹਨ। ਇਹ ਉਲੇਖ ਕੀਤਾ ਜਾ ਸਕਦਾ ਹੈ ਕਿ ਜਿੱਥੇ ਕਬੀਰ ਆਪਣੇ-ਆਪ ਨੂੰ ਵਾਰ-ਵਾਰ ਜੁਲਾਹਾ ਕਹਿੰਦੇ ਹਨ ਉੱਥੇ ਕਦੀ-ਕਦੀ ਆਪਣੇ-ਆਪ ਨੂੰ ਕੋਰੀ ਵੀ ਕਹਿ ਰਹੇ ਹਨ। ਅਜਿਹਾ ਲੱਗਦਾ ਹੈ ਕਿ ਕਬੀਰ ਦਾਸ ਦੇ ਯੁੱਗ ਵਿੱਚ ਜੁਲਾਹਿਆਂ ਨੇ ਮੁਸਲਮਾਨੀ ਧਰਮ ਗ੍ਰਹਿਣ ਕਰ ਲਿਆ ਸੀ। ਪਰ ਸਧਾਰਨ ਜਨਤਾ ਵਿੱਚ ਉਹਨਾਂ ਨੂੰ ਉਦੋਂ ਵੀ ਕੋਰੀ ਨਾਮ ਨਾਲ ਹੀ ਜਾਣਿਆ ਜਾਂਦਾ ਸੀ। ਕਬੀਰ ਦਾਸ ਨੇ ਬੁਣਾਈ ਦੇ ਰੂਪਕਾ ਅਤੇ ਉਲਟ ਵਾਸੀਆਂ ਵਿੱਚ ਕਈ ਜਗਾ ਜੁਲਾਹਿਆਂ ਦੇ ਸਥਾਨ 'ਤੇ ਕੋਰੀ ਨਾਮ ਲਿਆ ਹੈ।

*ਜ਼ਾਤ ਜੁਲਾਹਾ ਮਤ ਕੋ ਧੀਰ।*
*ਤੂੰ ਬ੍ਰਾਹਮਣ ਮੈਂ ਕਾਸ਼ੀ ਕਾ ਜੁਲਾਹਾ*[4]

*(ਕਬੀਰ ਗ੍ਰੰਥਾਵਲੀ, ਪਦ 270 )*

*ਪਰਿਹਰਿ ਕਾਮ ਰਾਮ ਕਹ ਬੋਰੇ ਸੁਣਿ ਸਿਖ ਬੰਧੂ ਮੋਰੀ।।*
*ਹਰਿ ਕੋ ਨਾਮ ਅਭੈ ਪਦ ਦਾਤਾ ਕਹੈ ਕਬੀਰਾ ਕੋਰੀ।।5* *ਪਦ 346*

*ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ ॥*

*ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰ ॥2॥6*

*(ਕਉ=ਨੂੰ, ਸਭੁ ਕੋ=ਹਰੇਕ ਬੰਦਾ, ਹਸਨੇਹਾਰੁ=ਹੱਸਣ ਦਾ ਆਦੀ, ਬਲਿਹਾਰੀ=ਸਦਕੇ, ਜਿਹ=ਜਿਸ ਜਾਤਿ ਵਿਚ ਜੰਮ ਕੇ)*

*ਕਬੀਰ ਜਾਤਿ ਜੁਲਾਹਾ ਕਿਆ ਕਰੈ ਹਿਰਦੈ ਬਸੇ ਗੁਪਾਲ ॥*

*ਕਬੀਰ ਰਮਈਆ ਕੰਠਿ ਮਿਲੁ ਚੂਕਹਿ ਸਰਬ ਜੰਜਾਲ ॥82॥7*

*(ਕਿਆ ਕਰੈ=ਕੁਝ ਵਿਗਾੜ ਨਹੀਂ ਸਕਦੀ, ਰਮਈਆ ਕੰਠ, ਮਿਲੁ=ਪ੍ਰਭੂ ਦੇ ਗਲ ਲਗ, ਚੂਕਹਿ=ਮੁਕ ਜਾਣਗੇ)*

ਅੱਜ ਕੱਲ ਕੋਰੀਆਂ ਵਿੱਚ ਬਹੁਤਿਆਂ ਨੇ ਕਬੀਰ ਪੰਥ ਸਵੀਕਾਰ ਕਰ ਲਿਆ ਹੈ ਪਰ ਜ਼ਿਆਦਾਤਰ ਹਿੰਦੂ ਵਿਚਾਰਾਂ ਦੇ ਕੱਟੜ ਅਨੁਆਈ ਦੇਖਣ ਨੂੰ ਮਿਲਦੇ ਹਨ। ਹਜਾਰੀ ਪ੍ਰਸਾਦ ਦ੍ਵਿਵੇਦੀ ਲਿਖਦੇ ਹਨ ਕਿ,

> *ਕਬੀਰ ਦਾਸ ਦੀ ਬਾਣੀ ਤੋਂ ਲੱਗਦਾ ਹੈ ਕਿ ਮੁਸਲਮਾਨ ਹੋਣ ਤੋਂ ਬਾਅਦ ਜੁਲਾਹਾ ਜ਼ਾਤੀ ਆਪਣੇ ਪੁਰਾਣੇ ਸੰਸਕਾਰਾਂ ਤੋਂ ਇੱਕਦਮ ਮੁਕਤ ਨਾ ਹੋ ਸਕੀ ਤੇ ਨਾ ਹੀ ਸਮਾਜਿਕ ਮਰਿਆਦਾ ਬਹੁਤ ਉੱਚੀ ਹੋ ਸਕੀ। ਉਹਨਾਂ ਵਿੱਚ ਇੱਕ ਇਹ ਸਮਾਜਿਕ ਮਰਿਆਦਾ ਦੀ ਉਨਤੀ ਲਈ ਇਸ ਜ਼ਾਤੀ ਨੇ ਸਮੂਹ ਰੂਪ ਵਿੱਚ ਧਰਮ ਗ੍ਰਹਿਣ ਕੀਤਾ ਹੋਏਗਾ।*[8]

ਦੂਸਰਾ ਅਧਿਐਨ ਇਹ ਵੀ ਪ੍ਰਾਪਤ ਹੁੰਦਾ ਹੈ ਕਿ ਕੱਪੜਾ ਬੁਣਨ ਵਾਲੀਆਂ ਜ਼ਾਤੀਆਂ ਵਿੱਚ ਸਭ ਤੋਂ ਮਨੋਰੰਜਕ ਬੰਗਾਲ ਦੇ ਜੁਗੀ ਜਾਂ ਯੋਗੀ ਹਨ। *1921 ਦੀ ਮਨੁੱਖੀ ਜਨਗਣਨਾ ਦੇ ਅਨੁਸਾਰ ਸਿਰਫ਼ ਬੰਗਾਲ ਵਿੱਚ ਇਹਨਾਂ ਜੁਗੀ ਜਾਂ ਯੋਗੀ ਲੋਕਾਂ ਦੀ ਸੰਖਿਆ 26590 ਸੀ। ਇਹ ਸਾਰੇ ਬੰਗਾਲ ਵਿੱਚ ਫ਼ੈਲੇ ਹੋਏ ਹਨ ਅਤੇ ਕੱਪੜਾ ਬੁਣਨ ਦਾ ਕੰਮ ਕਰਦੇ ਹਨ। ਹਿੰਦੂ ਸਮਾਜ ਵਿੱਚ ਇਹਨਾਂ ਦਾ ਸਥਾਨ ਕੀ ਹੈ? ਹਜ਼ਾਰੀ ਪ੍ਰਸਾਦ ਦ੍ਵਿਵੇਦੀ ਲਿਖਦੇ ਹਨ, ਉਹਨਾਂ ਨੂੰ ਸ੍ਰੀ ਰਾਧਾ ਕ੍ਰਿਸ਼ਨਨ ਤੋਂ ਸੂਚਨਾ ਪ੍ਰਾਪਤ ਹੋਈ ਕਿ ਬਨਾਰਸ ਦੇ ਅਲਾਈਪੁਰਾ ਦੇ ਜੁਲਾਹੇ ਆਪਣੇ ਆਪ ਨੂੰ ਗ੍ਰਹਿਸਥ ਕਹਿੰਦੇ ਹਨ। ਇਹ ਸ਼ਬਦ ਦੱਸਦਾ ਹੈ ਕਿ ਕੋਈ ਅਗ੍ਰਹਿਸਥ ਜਾਂ ਯੋਗੀ ਜੁਲਾਹਾ ਜ਼ਾਤੀ ਵੀ ਰਹੀ ਹੋਏਗੀ। ਬੰਗਾਲ ਦੀ ਜੁਗੀ ਜ਼ਾਤੀ ਇਸ ਸੰਪਰਦਾਇ ਮੁਲਕ ਜ਼ਾਤੀ ਦਾ ਦਾ ਰੂਪ ਹੈ। ਇਹ ਅਜਿਹਾ ਵੀ ਲੱਗਦਾ ਹੈ ਕਿ ਕਬੀਰ ਦਾਸ ਜਿਸ ਜੁਲਾਹਾ ਵੰਸ਼ ਵਿੱਚ ਪਲੇ ਵੱਡੇ ਹੋਏ ਉਹ ਇਸ ਤਰ੍ਹਾਂ ਦੇ ਨਾਥ ਗ੍ਰਸਤ ਜੋਗੀਆਂ ਦਾ ਮੁਸਲਮਾਨ ਰੂਪ ਹੀ ਸੀ।*[9]

ਸਭ ਤੋਂ ਪਹਿਲਾਂ ਇਹ ਹੈ ਕਿ ਕਬੀਰ ਦਾਸ ਨੇ ਆਪਣੇ-ਆਪ ਨੂੰ ਜੁਲਾਹਾ ਤਾਂ ਕਈ ਵਾਰ ਕਿਹਾ ਹੈ ਪਰ ਮੁਸਲਮਾਨ ਇੱਕ ਵਾਰ ਵੀ ਨਹੀਂ ਕਿਹਾ। ਉਹ ਬਰਾਬਰ ਆਪਣੇ-ਆਪ ਨੂੰ ਨਾ ਹਿੰਦੂ ਨਾ ਮੁਸਲਮਾਨ ਕਹਿੰਦੇ ਰਹੇ। ਅਧਿਆਤਮਕ ਪੱਖੋਂ ਨਿਰਸੰਦੇਹ ਬਹੁਤ ਉੱਚਾ ਭਾਵ ਹੈ ਪਰ ਕਬੀਰ ਦਾਸ ਨੇ ਕੁਝ ਇਸ ਢੰਗ ਨਾਲ ਆਪਣੇ ਨੂੰ ਵਿਸ਼ੇਸ਼ ਦੱਸਿਆ ਹੈ ਕਿ ਕਦੀ-ਕਦੀ ਇਹ ਸੰਦੇਹ ਹੁੰਦਾ ਹੈ ਕਿ ਉਹ ਅਧਿਆਤਮਕ ਸਤਿ ਤੋਂ ਇਲਾਵਾ ਇੱਕ ਸਮਾਜਿਕ ਤੱਥ ਵੱਲ ਵੀ ਇਸ਼ਾਰਾ ਕਰ ਰਹੇ ਹੋਣ। ਉਹਨਾਂ ਦਿਨਾਂ 'ਚ ਬੁਣਕਰ ਨਾਥ ਮਤਾਵਲੰਬੀ ਗ੍ਰਸਤ ਜੋਗੀਆਂ ਦੀ ਜ਼ਾਤੀ ਸੱਚਮੁੱਚ ਹੀ ਨਾ ਹਿੰਦੂ ਨਾ ਮੁਸਲਮਾਨ ਸੀ। ਕਬੀਰ ਜੀ ਦਾ ਇਹ ਮਤ ਨਾ ਹਿੰਦੂ ਨਾ ਮੁਸਲਮਾਨ ਅੱਗੇ ਚੱਲ ਕੇ ਬਾਬਾ ਨਾਨਕ ਜੀ ਵੀ ਸਮੁੱਚੀ ਮਾਨਵਤਾ ਨੂੰ ਇਹੀ ਉਪਦੇਸ਼ ਦਿੰਦੇ ਹਨ, *ਨਾ ਕੋ ਹਿੰਦੂ ਨਾ ਕੋ ਮੁਸਲਮਾਨ।* ਕਬੀਰ ਦਾਸ ਨੇ ਘੱਟ ਤੋਂ ਘੱਟ ਇੱਕ ਸ਼ਬਦ ਵਿੱਚ ਸਪਸ਼ਟ ਰੂਪ 'ਚ ਸਵੀਕਾਰ ਕੀਤਾ ਹੈ ਕਿ ਹਿੰਦੂ, ਮੁਸਲਮਾਨ ਅਤੇ ਯੋਗੀ ਵੱਖਰੇ ਹਨ ਕਿਉਂਕਿ ਯੋਗੀ ਜਾਂ ਜੋਗੀ ਗੋਰਖ ਗੋਰਖ, ਹਿੰਦੂ ਰਾਮ ਰਾਮ ਅਤੇ ਮੁਸਲਮਾਨ ਖੁਦਾ ਖੁਦਾ ਕਰਦਾ ਹੈ।

ਵਿਚਾਰ ਕਰਨ ਯੋਗ ਹੈ ਕਿ ਕਬੀਰ ਦੀ ਦ੍ਰਿਸ਼ਟੀ ਵਿੱਚ ਹਿੰਦੂ, ਯੋਗੀ ਤੇ ਮੁਸਲਮਾਨ ਤੋਂ ਕੀ ਭਾਵ ਹੈ? ਜਿੱਥੇ ਜਿੱਥੇ ਕਬੀਰ ਦਾਸ ਨੇ ਹਿੰਦੂ ਸ਼ਬਦ ਦਾ ਵਿਹਾਰ ਕੀਤਾ ਹੈ ਉੱਥੇ ਤਿੰਨ ਸ਼ਬਦਾਂ 'ਚੋਂ ਮਤਲਬ ਸਪੱਸ਼ਟ ਹੁੰਦਾ ਹੈ, ਤਿੰਨ ਵੇਦ, ਬ੍ਰਾਹਮਣ ਤੇ ਪੁਰਾਣਿਕ ਮੱਤ ਹੈ। ਇਹਨਾਂ ਤਿੰਨਾਂ ਨੂੰ ਮੰਨਣ ਵਾਲੇ ਨੂੰ ਹੀ ਕਬੀਰ ਦਾਸ ਹਿੰਦੂ ਕਹਿੰਦੇ ਹਨ। ਮੁਸਲਮਾਨ ਸ਼ਬਦ ਤੋਂ ਕਬੀਰ ਦਾਸ ਹੂ-ਬ-ਹੂ ਉਹੀ ਅਰਥ ਲੈਂਦੇ ਹਨ ਜੋ ਸਦਾ ਤੋਂ ਲਿਆ ਜਾਂਦਾ ਰਿਹਾ।[10] ਹਿੰਦੂ ਸ਼ਬਦ ਦਾ ਵਿਹਾਰ ਅੱਜ ਕੱਲ ਉਹਨਾਂ ਸਾਰੇ ਧਰਮ ਮਤਾਂ ਲਈ ਹੋਣ ਲੱਗਾ ਹੈ ਜਿਹੜੇ ਭਾਰਤ ਵਿੱਚ ਉਤਪੰਨ ਹੋਏ ਅਤੇ ਜਿਸ ਦੇ ਅਨੁਆਈ ਆਪਣੇ-ਆਪ ਨੂੰ ਅਹਿੰਦੂ ਨਹੀਂ ਕਹਿੰਦੇ।

ਯੋਗੀ ਸ਼ਬਦ ਹੋਰ ਵੀ ਸਪਸ਼ਟ ਹੈ ਯੋਗ ਕਿਰਿਆ ਕਰਨੇ ਵਾਲੇ ਨੂੰ ਯੋਗੀ ਕਹਿੰਦੇ ਹਨ। ਹਿੰਦੂ ਲੋਕ ਬ੍ਰਾਹਮਣ ਨੂੰ ਸ੍ਰੇਸ਼ਟ ਅਤੇ ਪੂਜਨਯੋਗ ਮੰਨਦੇ ਹਨ। ਸੰਨਿਆਸੀ ਅਤੇ ਯੋਗੀ ਵੀ ਉਹਨਾਂ ਲਈ ਪੂਜਣ ਯੋਗ ਹਨ। ਪਰ ਕਬੀਰ ਜੀ ਦਾ ਸਭ ਤੋਂ ਵੱਡਾ ਯੋਗਦਾਨ ਇਸ ਵੇਲੇ ਵਿੱਚ ਇਹ ਹੈ ਕਿ ਉਹ ਇਹਨਾਂ ਸਾਰਿਆਂ ਵਿੱਚੋਂ ਆਪਣੇ-ਆਪ ਨੂੰ ਬਾਹਰ ਕੱਢਦੇ ਹਨ। ਇਹਨਾਂ ਤੋਂ ਵਿੱਥ ਸਥਾਪਿਤ ਕਰਦੇ ਹਨ। ਉਹ ਇਹਨਾਂ ਵਿੱਚੋਂ ਕਿਸੇ ਦੇ ਵੀ ਅਨੁਆਈ ਨਹੀਂ ਹਨ। ਕਬੀਰ ਜੀ ਚੱਲ ਰਹੀ ਰੀਤ ਨੂੰ ਤੋੜਦੇ ਹੀ ਨਹੀਂ ਬਲਕਿ ਇੱਕ ਨਵੀਂ ਰੀਤ ਚਲਾਉਂਦੇ ਹਨ। ਇਹ ਨਵੀਂ ਰੀਤ ਸਮੁੱਚੇ ਸਮਾਜ ਨੂੰ ਬਲਕਿ ਵਿਸ਼ਵ ਪੱਧਰ ਤੱਕ ਪ੍ਰੇਮ ਮਈ ਰਸ ਵਿੱਚ ਰੰਗਣਾ, ਗੰਢਣਾ ਅਤੇ ਬੰਨਣਾ ਚਾਹੁੰਦੀ ਹੈ। ਇਸ ਲਈ ਕਬੀਰ ਜੀ ਵਾਰ-ਵਾਰ ਆਪਣੀ ਰਚਨਾ ਵਿੱਚ ਪ੍ਰੇਮ ਮਈ ਰਹੱਸ ਦਾ ਜ਼ਿਕਰ ਕਰਦੇ ਹਨ।

ਅਜਿਹੇ ਦੌਰ 'ਚ ਇਤਿਹਾਸਿਕ ਪਰਿਪੇਖ ਤੋਂ ਵੀ ਵਿਚਾਰ ਕੀਤੀ ਜਾਵੇ ਤਾਂ ਦੋ ਧਾਰਮਿਕ ਅੰਦੋਲਨਾਂ ਦੀ ਚਰਚਾ ਜ਼ਰੂਰੀ ਹੈ। ਪਹਿਲੀ ਧਾਰਾ ਜਿਹੜੀ ਬਾਹਰ ਤੋਂ ਆਈ ਸੀ। ਕੁਝ ਸੂਫੀ ਲੋਕਾਂ ਦੀ ਸਾਧਨਾ ਪੱਧਤੀ ਸੀ। ਮਜ਼ਹਬੀ ਮੁਸਲਮਾਨ ਹਿੰਦੂ ਧਰਮ ਦੇ ਸਥਾਨ 'ਤੇ ਚੋਟ ਨਹੀਂ ਕਰ ਸਕੇ। ਉਹ ਕੇਵਲ ਬਾਹਰੀ ਪੱਧਰ ਤੱਕ ਹੀ ਸੀਮਤ ਰਹੇ। ਪਰ ਸੂਫੀ ਸਾਧਕਾਂ ਨੇ ਭਾਰਤੀ ਸਾਧਨਾ ਦੇ ਨਾਲ ਮੇਲ-ਜੋਲ ਸਥਾਪਿਤ ਕੀਤਾ। ਪ੍ਰੇਮ ਰਾਹੀਂ ਭਾਰਤੀ ਜਨਤਾ ਦਾ ਦਿਲ ਜਿੱਤਣਾ ਅਰੰਭ ਕੀਤਾ। ਇਸ ਸਬੰਧ ਵਿੱਚ ਡਾ. ਗ੍ਰੀਅਰਸਨ ਦੇ ਅਨੁਸਾਰ, *"ਬਿਜਲੀ ਦੀ ਚਮਕ ਦੇ ਸਮਾਨ ਅਚਾਨਕ ਇਹਨਾਂ ਸਾਰੇ (ਧਾਰਮਿਕ ਮੱਤਾ) ਦੇ ਅੰਧਕਾਰ ਦੇ ਉੱਪਰ ਇੱਕ ਨਵੀਂ ਗੱਲ ਦਿਖਾਈ ਦਿੱਤੀ। ਇਹ ਭਗਤੀ ਦਾ ਅੰਦੋਲਨ ਹੈ।"* ਇਹਨਾਂ ਨੇ ਦੋ ਤਰ੍ਹਾਂ ਦੇ ਨਾਲ ਆਤਮ ਪ੍ਰਕਾਸ਼ ਕੀਤਾ। ਪੁਰਾਣਿਕ ਅਵਤਾਰਾਂ ਨੂੰ ਕੇਂਦਰ ਵਿੱਚ ਲਿਆ ਕੇ ਸਰਗੁਣ ਉਪਾਸਨਾ ਦੇ ਰੂਪ ਵਿੱਚ ਅਤੇ ਨਿਰਗੁਣ ਪਾਰਬ੍ਰਹਮ ਯੋਗੀਆਂ ਦਾ ਉਦੇਸ਼ ਸੀ। ਉਸ ਨੂੰ ਕੇਂਦਰ ਵਿੱਚ ਲਿਆ ਕੇ ਨਿਰਗੁਣ ਪ੍ਰੇਮ ਭਗਤੀ ਦੀ ਸਾਧਨਾ ਦੇ ਰੂਪ ਵਿੱਚ। ਪਹਿਲੀ ਸਾਧਨਾ ਹਿੰਦੂ ਜ਼ਾਤੀ ਦੇ ਬ੍ਰਹਮਚਾਰਯ ਨੂੰ ਆਂਤਰਿਕ ਪ੍ਰੇਮ ਨਾਲ ਓਤਪੋਤ ਕੀਤਾ ਅਤੇ ਦੂਸਰੀ ਸਾਧਨਾ ਨੇ ਬ੍ਰਹਮਚਾਰਯ ਨੂੰ ਦੂਰ ਕਰਨ ਦਾ ਯਤਨ ਕੀਤਾ। ਇੱਕ ਨੇ ਸਮਝੌਤੇ ਦਾ ਰਸਤਾ ਲਿਆ ਦੂਸਰੇ ਨੇ ਵਿਦਰੋਹ ਦਾ, ਇੱਕ ਨੇ ਸ਼ਾਸਤਰ ਦਾ ਸਹਾਰਾ ਲਿਆ ਦੂਸਰੇ ਨੇ ਅਨੁਭਵ ਦਾ, ਇੱਕ ਨੇ ਸ਼ਰਧਾ ਦਾ ਰਸਤਾ ਚੁਣਿਆ ਦੂਸਰੇ ਨੇ ਗਿਆਨ ਦਾ, ਇੱਕ ਨੇ ਸਰਗੁਣ ਰੱਬ ਨੂੰ ਅਪਣਾਇਆ ਤੇ ਦੂਸਰੇ ਨੇ ਨਿਰਗੁਣ ਨੂੰ, ਪਰ ਪ੍ਰੇਮ ਦੋਨਾਂ ਦਾ ਆਧਾਰ ਹੈ। ਸੁੱਕਾ ਗਿਆਨ ਦੋਨਾਂ ਨੂੰ ਪਸੰਦ ਨਹੀਂ। ਸਿਰਫ਼ ਬ੍ਰਹਮਚਾਰਯ ਦੋਨਾਂ ਵਿਚਲਾ ਭੇਦ ਹੈ। ਅੰਤਰਿਕ ਪ੍ਰੇਮ ਦੋਨਾਂ ਦਾ ਸਮਾਨ ਹੈ। ਬਿਨਾਂ ਸ਼ਰਤ ਰੱਬ ਦੇ ਪ੍ਰਤਿ ਆਤਮ-ਸਮਰਪਣ ਦੋਵਾਂ ਦੇ ਪ੍ਰੇਮ ਦਾ ਸਾਧਨ ਹੈ। ਇਹ ਇਹਨਾਂ ਦੋਵਾਂ ਦੀ ਸਮਾਨਤਾ ਹੈ।[11]

ਕਬੀਰ ਜੀ ਨੇ ਆਪਣੇ ਭਾਵਾਂ ਦੀ ਅਭਿਵਿਅਕਤੀ ਲਈ ਪ੍ਰੇਮ ਨੂੰ ਮਾਰਗ ਬਣਾਇਆ। ਉਹਨਾਂ ਦਾ ਪ੍ਰੇਮਾ ਭਗਤੀ ਦਾ ਮਾਰਗ ਉਹਨਾਂ ਨੂੰ ਰਹੱਸਮਈ ਸਾਧਨਾ ਤੱਕ ਪਹੁੰਚਾਉਂਦਾ ਹੈ ਕਿਉਂ ਜੋ ਪ੍ਰੇਮ ਦਾ ਅਸਲ ਰਸ ਉਹੀ ਚੱਖ ਸਕਦਾ ਹੈ ਜਿਸ ਨੇ ਇਸ ਦਾ ਨਿੱਜੀ ਅਨੁਭਵ ਕੀਤਾ ਹੋਵੇ। ਨਿੱਜੀ ਅਨੁਭਵ ਤੋਂ ਬਿਨਾਂ ਇਸ ਨੂੰ ਨਾ ਤਾਂ ਮਹਿਸੂਸ ਤੇ ਨਾ ਹੀ ਬਿਆਨ ਨਹੀਂ ਕੀਤਾ ਜਾ ਸਕਦਾ ਹੈ। ਇਸੇ ਲਈ ਇਹ ਰੱਹਸਮਈ ਸਾਧਨਾ 'ਚ ਪਰਿਵਰਤਿਤ ਹੋ ਗਿਆ। ਕਬੀਰ ਜੀ ਦਾ ਪ੍ਰੇਮ ਪੰਧ ਦੂਸਰਿਆਂ ਤੋਂ ਵੱਖਰਾ, ਵਿਸ਼ੇਸ਼ ਅਤੇ ਵਿੱਲਖਣ ਹੈ।

ਕਬੀਰ ਜੀ ਦਾ ਰਸਤਾ ਦੂਸਰਿਆਂ ਤੋਂ ਉਲਟ ਹੈ। ਉਹਨਾਂ ਦੇ ਸੰਸਕਾਰ ਉਹ ਮੁਸਲਮਾਨ ਹੋ ਕੇ ਵੀ ਅਸਲ 'ਚ ਮੁਸਲਮਾਨ ਨਹੀਂ ਸਨ। ਹਿੰਦੂ ਹੋ ਕੇ ਵੀ ਹਿੰਦੂ ਨਹੀਂ ਸਨ। ਸਾਧੂ ਹੋ ਕੇ ਵੀ ਸਾਧੂ ਨਹੀਂ ਸਨ। ਉਹ ਵੈਸ਼ਨਵ ਹੋ ਕੇ ਵੀ ਵੈਸ਼ਣਵ ਨਹੀਂ, ਯੋਗੀ ਹੋ ਕੇ ਵੀ ਯੋਗੀ ਨਹੀਂ ਸਨ। ਉਹ ਕੁਝ ਰੱਬ ਵੱਲੋਂ ਹੀ ਨਿਆਰੇ ਸਨ।

ਜਿਵੇਂ ਕਿ ਉੱਪਰ ਜ਼ਿਕਰ ਕਰ ਰਹੇ ਹਾਂ ਕਰ ਆਏ ਹਾਂ ਕਿ ਕਬੀਰ ਜੀ ਨੇ ਆਪਣੀ ਪ੍ਰੇਮ ਭਗਤੀ ਤੇ ਸਾਧਨਾ ਦਾ ਅਭਿਆਸ ਇੱਕ ਦਮ ਦੂਸਰੇ ਕਿਨਾਰੇ ਤੋਂ ਕੀਤਾ। ਇਹ ਕਿਨਾਰਾ ਅਸਲ ਵਿੱਚ ਸਰਗੁਣ ਸਾਧਕਾਂ ਦੇ ਕਿਨਾਰੇ ਤੋਂ ਉਲਟ ਦਿਸ਼ਾ ਵਿੱਚ ਹੈ। ਸਰਗੁਣ ਸਾਧਕਾਂ ਨੇ ਸਾਰਾ ਕੁਝ ਮੰਨ ਲਿਆ ਸੀ। ਕਬੀਰ ਜੀ ਨੇ ਸਾਰਾ ਕੁਝ ਛੱਡ ਦਿੱਤਾ। ਉਹਨਾਂ ਨੇ ਸਫ਼ੇਦ ਕਾਗਜ਼ ਉੱਪਰ ਲਿਖਣਾ ਸ਼ੁਰੂ ਕੀਤਾ। ਉਸ ਪੰਡਿਤ ਨੂੰ ਬੇਕਾਰ ਸਮਝਦੇ ਸਨ ਜੋ ਸਿਰਫ਼ ਗਿਆਨ ਦਾ ਬੋਝ ਢੋਣਾ ਸਿਖਾਉਂਦਾ ਹੈ। ਉਹ ਮਨੁੱਖ ਨੂੰ ਜੜ ਬਣਾ ਦਿੰਦਾ ਹੈ। ਉਹ ਰੱਬ ਦੇ ਪ੍ਰੇਮ ਤੋਂ ਦੂਰ ਕਰਦਾ ਹੈ। ਭਗਵਤ ਪ੍ਰੇਮ ਵਿੱਚ ਉਹਨਾਂ ਦੀ ਦ੍ਰਿਸ਼ਟੀ ਐਨੀ ਦ੍ਰਿੜ ਨਿਰਵਧ ਸੀ ਕਿ ਉਹ ਢਾਈ ਅੱਖਰ ਪ੍ਰੇਮ ਨੂੰ ਹੀ ਉੱਤਮ ਮੰਨਦੇ ਸਨ।

- *ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ ॥*
  *ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ ॥237॥*[12]

- *ਕਬੀਰ ਕੋਠੀ ਕਾਠ ਕੀ ਦਹ ਦਿਸਿ ਲਾਗੀ ਆਗਿ ॥*
  *ਪੰਡਿਤ ਪੰਡਿਤ ਜਲਿ ਮੂਏ ਮੂਰਖ ਉਬਰੇ ਭਾਗਿ ॥172॥*[13]

- *ਪੜ ਪੜ ਕੇ ਪੱਥਰ ਭਇਆ, ਲਿਖਿ ਲਿਖਿ ਭਇਆ ਜੁ ਈਟ।*
  *ਕਹੈ ਕਬੀਰਾ ਪ੍ਰੇਮ ਕੀ, ਲਗੀ ਨ ਏਕੋ ਛੀਟ।।*
  *ਪੋਥੀ ਪੜ ਪੜ ਜਗ ਮੂਆ, ਪੰਡਤ ਭਇਆ ਨਾ ਕੋਇ।*
  *ਢਾਈ ਅੱਖਰ ਪ੍ਰੇਮ ਕਾ, ਪੜ੍ਹੇ ਸੋ ਪੰਡਤ ਹੋਏ ।।*[14]

ਉਹਨਾਂ ਲਈ ਪ੍ਰੇਮ ਹੀ ਸਭ ਕੁਝ ਹੈ। ਵੇਦ-ਸ਼ਾਸਤਰ, ਕੁਰਾਨ, ਜਪ, ਮਾਲਾ, ਤਸਵੀ, ਮੰਦਰ, ਮਸਜਿਦ, ਅਵਤਾਰ, ਨਬੀ, ਪੀਰ, ਪੈਗੰਬਰ ਤੋਂ ਵਿੱਥ ਸਥਾਪਿਤ ਕਰਦੇ ਹਨ, ਇਹ ਪ੍ਰੇਮ ਬ੍ਰਹਮਚਾਰੀਆਂ ਦੀ ਪਹੁੰਚ ਤੋਂ ਬਹੁਤ ਉੱਪਰ ਹੈ। ਉਹਨਾਂ ਨੇ ਸਾਰੇ ਵਰਤ, ਤੀਰਥ, ਇਸ਼ਨਾਨ, ਆਦਿ ਨੂੰ ਨਕਾਰ ਦਿੱਤਾ। ਇਸ ਲਗਨ ਜਾਂ ਪ੍ਰੇਮ ਦਾ ਸਾਧਨ ਪ੍ਰੇਮ ਹੀ ਹੈ। ਉਹਨਾਂ ਨੇ ਕੋਈ ਵੀ ਵਿਚਕਾਰਲਾ ਰਸਤਾ ਸਵੀਕਾਰ ਨਹੀਂ ਕੀਤਾ। ਪ੍ਰੇਮ ਹੀ ਸਾਧਨ ਹੈ ਪ੍ਰੇਮ ਹੀ ਸਾਧ ਹੈ। ਵਰਤ, ਮੁਹਰਮ, ਪੂਜਾ, ਨਮਾਜ਼, ਹੱਜ, ਤੀਰਥ ਵੀ ਨਹੀਂ।

*ਏਕ ਨਿਰੰਜਨ ਅੱਲਾ ਮੇਰਾ, ਹਿੰਦੂ ਤੁਰਕ ਦੋਇ ਨਹੀ ਮੇਰਾ।*
*ਰਾਖੂ ਵਰਤ ਨ ਮਹਰਮ ਜਾਨਾ, ਤਿਸ ਹੀ ਸਿਮਰਉ ਜੋ ਰਹੇ ਨਿਦਾਨਾ।*
*ਪੂਜਾ ਕਰੂ ਨਾ ਨਮਾਜ਼ ਗੁਜਾਰੂ, ਏਕ ਨਿਰਾਕਾਰ ਹਿਰਦੇ ਨਮਸਕਾਰੂ।*
*ਨਾ ਹੱਜ ਜਾਊ ਨਾ ਤੀਰਥ ਪੂਜਾ, ਏਕ ਪਛਾਣਿਆ ਤੋ ਕਿਆ ਦੂਜਾ।*
*ਕਹੇ ਕਬੀਰ ਭਰਮ ਸਭ ਭਾਗਾ,ਏਕ ਨਿਰੰਜਨ ਸੇ ਮਨ ਲਾਗਾ।*[15] *338*

ਪੀਰ, ਪੈਗੰਬਰ, ਕਾਜ਼ੀ, ਮੁੱਲਾ, ਰੋਜ਼ਾ, ਨਮਾਜ਼ ਤੇ ਦੇਵ, ਦਿਜ, ਇਕਾਦਸ਼ੀ, ਦੀਵਾਲੀ, ਪੂਰਬ ਦੀ ਦਿਸ਼ਾ ਦੀ ਭਗਤੀ ਤੋਂ ਵੀ ਕਿਨਾਰਾ ਕਰ ਗਏ। ਹਿੰਦੂਆਂ ਦਾ ਰੱਬ ਮੰਦਰ 'ਚ ਰਹਿੰਦਾ ਹੈ। ਮੁਸਲਮਾਨਾਂ ਦਾ ਮਸਜਿਦ ਵਿੱਚ। ਪਰ ਜਿੱਥੇ ਮੰਦਰ ਵੀ ਨਹੀਂ ਮਸਜਿਦ ਵੀ ਨਹੀਂ ਉੱਥੇ ਕਿਸ ਦੀ ਠੁਕਰਾਈ ਕੰਮ ਕਰ ਰਹੀ ਹੈ। ਕਬੀਰ ਦਾਸ ਨੇ ਇਹਨਾਂ ਸਾਰਿਆਂ ਨੂੰ ਅਸਵੀਕਾਰ ਕਰ ਦਿੱਤਾ। *ਉਹਨਾਂ ਲੋਕਾਂ ਨੂੰ ਵੀ ਅਸਵੀਕਾਰ ਕਰ ਦਿੱਤਾ ਜੋ ਅੱਖਾਂ ਬੰਦ ਕਰਕੇ ਚੱਲਣਾ ਪਸੰਦ ਕਰਦੇ ਹਨ।*[16] ਆਪਣੇ ਆਤਮ ਰਾਮ ਨੂੰ ਹੀ ਸੰਗੀ ਬਣਾ ਕੇ ਨਿਕਲ ਪਏ ਅਤੇ ਬੋਲੇ, ***ਉਹ ਫ਼ਕੀਰ ਤੂੰ ਆਪਣੀ ਰਾਹ ਚਲ,*** ਮੰਦਰ ਵਿੱਚ ਵੀ ਨਾ ਜਾਹ ਤੇ ਮਸਜਿਦ ਦੇ ਵੱਲ ਵੀ ਰੁੱਖ ਨਾ ਕਰ। ਕਿਉਂ ਚੱਕਰ ਵਿੱਚ ਪੈਂਦਾ ਹੈ।

*ਹਮਾਰੇ ਰਾਮ ਰਹੀਮ ਕਰੀਮਾ, ਕੇਸੋ ਅੱਲਾ ਰਾਮ ਸਤਿ ਸੋਇ।*
*ਬਿਸਮਿਲ ਮੇਟ ਬਿਸੰਭਰ ਏਕੇ, ਔਰ ਨ ਦੂਜਾ ਕੋਇ।*
*ਇਨਕੇ ਕਾਜ਼ੀ ਮੁੱਲਾਂ ਪੀਰ ਪੈਗੰਬਰ, ਰੋਜਾ ਪੱਛਮ ਨਿਵਾਜਾ।*
*ਇਨਕੇ ਪੂਰਬ ਦਿਸਾ ਦੇਵ ਦਿਜ ਪੂਜਾ, ਗਿਆਰਸ ਗੰਗ ਦਿਵਾਜਾ।*
*ਤੁਰਕ ਮਸੀਤ ਦੇਹਰੇ ਹਿੰਦੂ, ਦੋਇਠਾ ਰਾਮ ਖ਼ੁਦਾਈ।*
*ਜਹਾਂ ਮਸੀਤ ਦੇਹਰਾ ਨਾਹੀ, ਤਹਾ ਕਾਕੀ ਠੁਕਰਾਈ।*
*....ਕਹੈ ਕਬੀਰਾ ਦਾਸ ਫ਼ਕੀਰਾ, ਅਪਨੀ ਰਾਹ ਚਲ ਭਾਈ।*[17] *58*

ਕਬੀਰ ਸਾਹਿਬ ਇਥੇ ਹੀ ਨਹੀਂ ਰੁਕੇ ਅੱਲਾ ਸ਼ਬਦ ਮੁਸਲਿਮ ਧਰਮ ਦੀ ਪ੍ਰਤਿਨਿਧਤਾ ਕਰਦਾ ਹੈ ਪਰ ਰਾਮ ਸ਼ਬਦ ਹਿੰਦੂ ਸੰਸਕ੍ਰਿਤੀ ਦਾ ਤਾਂ ਉਹ ਦੋਵਾਂ ਨੂੰ ਸਲਾਮ ਕਰ ਦੇਣ ਨੂੰ ਤਿਆਰ ਹਨ। ਕੋਈ ਨਾ ਕੋਈ ਸ਼ਬਦ ਤਾਂ ਵਿਹਾਰ ਕਰਨਾ ਹੀ ਪਏਗਾ ਪਰ ਜੇਕਰ ਅਰਬੀ-ਫ਼ਾਰਸੀ ਦੇ ਸ਼ਬਦ ਮੁਸਲਿਮ ਸੰਸਕ੍ਰਿਤੀ ਦੇ ਹਨ ਤਾਂ ਸੰਸਕ੍ਰਿਤ ਹਿੰਦੀ ਦੇ ਸ਼ਬਦ ਹਿੰਦੂ ਸੰਸਕ੍ਰਿਤੀ ਦੀ ਯਾਦ ਦਿਵਾਉਂਦੇ ਹਨ ਪਰ ਕਬੀਰ ਜੀ ਅਜਿਹੇ ਬੁੱਧੀ ਭੇਦ ਨੂੰ ਵੀ ਖ਼ਤਮ ਕਰਦੇ ਹਨ। ਉਹ ਵੇਦ ਅਤੇ ਕੁਰਾਨ ਤੋਂ ਵੀ ਅੱਗੇ ਕਹਿੰਦੇ ਹਨ,

***ਗਗਨ ਗਰਜੇ ਤਹਾਂ ਸਦਾ ਪਾਵਸ ਝਰੇ, ਹੋਤ ਝਨਕਾਰ ਨਿਤ ਬਜਤ ਤੂਰਾ।।***
***ਵੇਦ ਕਤੇਬ ਕੀ ਗਮ ਨਾਹੀ ਤਹਾ, ਕਹੇ ਕਬੀਰ ਕੋਈ ਰਮੇ ਸੂਰਾ।।***[18]

*ਗਗਨ ਦਮਾਮਾ ਬਾਜਿਓ ਪਰਿਓ ਨਿਸਾਨੈ ਘਾਉ ॥*
*ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥੧੧੦੫॥*[19]

ਅਜਿਹਾ ਬੁੱਧੀ ਬਲ ਅਤੇ ਸਾਹਸ ਲੈ ਕੇ ਕਬੀਰ ਜੀ ਸਾਧਨਾ ਦੇ ਮੈਦਾਨ 'ਚ ਉਤਰੇ। ਅਸਵੀਕਾਰ,ਰੱਦ ਕਰਨਾ, ਨਕਾਰਨਾ ਕੋਈ ਵੱਡੀ ਪ੍ਰਾਪਤੀ ਨਹੀਂ ਹੈ। ਕੋਈ ਵੀ ਕਰ ਸਕਦਾ ਹੈ। ਪਰ ਕਿਸੇ ਵੱਡੇ ਲਕਸ਼ ਲਈ ਅਸਵੀਕਾਰ ਕਰਨਾ, ਸਾਹਸ ਦਾ ਕੰਮ ਹੈ। ਬਿਨਾਂ ਉਦੇਸ਼ ਦਾ ਵਿਦਰੋਹ ਵਿਨਾਸ਼ ਵਾਲਾ ਹੈ ਪਰ ਸਾਧੂ ਉਦੇਸ਼ ਦਾ ਵਿਦਰੋਹ ਇੱਕ ਸੂਰਮੇ ਦਾ ਸੂਰ ਧਰਮ ਹੈ। ਇਸ ਲਈ ਉਹ ਕਹਿੰਦੇ ਹਨ,

***ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥***
***ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥***[20]

(ਸੂਰਾ=ਸੂਰਮਾ, ਲਰੈ=ਲੜਦਾ ਹੈ, ਦੀਨ=ਗਰੀਬ,
ਹੇਤ=ਮੱਦਦ ਲਈ, ਖੇਤੁ=ਲੜਾਈ ਦਾ ਮੈਦਾਨ)

ਕਬੀਰ ਜੀ ਦੀ ਇਸ ਰੀਤ ਨੂੰ ਅੱਗੇ ਚੱਲ ਕੇ ਬਾਬਾ ਨਾਨਕ ਜੀ ਵੀ ਚਲਾਇਮਾਨ ਰੱਖਦੇ ਹਨ,

***ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥***
***ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥***[21]

*{ਗੁਰੂ ਗ੍ਰੰਥ ਸਾਹਿਬ 1412}*

ਉਹਨਾਂ ਨੇ ਅਟੱਲ ਵਿਸ਼ਵਾਸ ਦੇ ਨਾਲ ਆਪਣੇ ਪ੍ਰੇਮ ਦਾ ਪੰਧ ਚੁਣਿਆ। ਕਬੀਰ ਨੇ ਸਾਰੇ ਬ੍ਰਹਮਚਾਰੀਆਂ ਨੂੰ ਅਸਵੀਕਾਰ ਕਰਕੇ ਮਨੁੱਖ ਨੂੰ ਸਧਾਰਨ ਮਨੁੱਖ ਦੇ ਆਸਣ 'ਤੇ ਅਤੇ ਰੱਬ ਨੂੰ "ਨਿਰਪੱਖ" ਰੱਬ ਦੇ ਆਸਣ 'ਤੇ ਬਿਠਾਉਣ ਦੀ ਸਾਧਨਾ ਕੀਤੀ ਸੀ। ਜਿਸ ਦਾ ਸਿੱਟਾ ਇਹ ਹੋਇਆ ਕਿ ਅੱਗੇ ਚੱਲ ਕੇ ਬਾਬਾ ਨਾਨਕ ਦੀ ਅਗਵਾਈ ਵਿੱਚ ਗੁਰੂ ਗੋਬਿੰਦ ਸਿੰਘ ਜੀ ਤੱਕ ਨਿਰਪੱਖ ਰੱਬ (ਇੱਕ ਓਕਾਂਰ) ਦਾ ਇਹ ਸੰਕਲਪ ਚਲਦਾ ਰਿਹਾ ਤੇ ਅੱਜ ਵੀ ਚੱਲ ਰਿਹਾ ਹੈ। ਪਰ ਲੋੜ ਹੈ ਇਸ ਨੂੰ ਅਮਲੀ ਪੱਧਰ 'ਤੇ ਧਾਰਨ ਕਰਨ ਦੀ।

ਜ਼ਾਤੀ, ਕੁੱਲ,ਧਰਮ, ਸੰਸਕਾਰ, ਵਿਸ਼ਵਾਸ, ਸ਼ਾਸਤਰ, ਸ਼ਸਤਰ, ਸੰਪ੍ਰਦਾਏ, ਬਹੁ ਵਿਸ਼ੇਸ਼ਤਾਵਾਂ ਦੇ ਜਾਲ ਨੂੰ ਛੱਡ ਕੇ ਉਹ ਆਸਨ,ਸਥਾਨ,ਸਮਾਜ, ਦੇਸ਼ ਅਤੇ ਦੁਨੀਆਂ ਤਿਆਰ ਕੀਤੀ ਜਾ ਸਕਦੀ ਹੈ ਜਿੱਥੇ ਇੱਕ ਮਨੁੱਖ ਦੂਸਰੇ ਮਨੁੱਖ ਨੂੰ ਮਨੁੱਖ ਦੀ ਹੈਸੀਅਤ ਨਾਲ

ਮਿਲੇ। ਜਦ ਤੱਕ ਇਹ ਨਹੀਂ ਹੁੰਦਾ ਓਦੋਂ ਤੱਕ ਅਸ਼ਾਂਤੀ, ਮਾਰਾਮਾਰੀ, ਹਿੰਸਾ ਪ੍ਰਚਲਿੱਤ ਰਹੇਗੀ। ਇਉਂ, ਸਪੱਸ਼ਟ ਹੁੰਦਾ ਹੈ ਕਿ ਕਬੀਰ ਜੀ ਨੇ ਉਸ ਵੇਲ਼ੇ ਮਨੁੱਖੀ ਪਹਿਚਾਣ ਨੂੰ ਲੈ ਕੇ, ਮਨੁੱਖ ਦੀ ਮਨੁੱਖ ਨਾਲ ਸਾਂਝ ਨੂੰ ਲੈ ਕੇ ਜੋ ਪ੍ਰੇਮ ਦੀ ਬੰਦਗੀ ਦਾ ਅੰਦੋਲਨ ਸ਼ੁਰੂ ਕੀਤਾ ਸੀ ਅਜੋਕੇ ਦੌਰ 'ਚ ਉਸ ਦੀ ਸਾਰਥਕਤਾ ਹੋਰ ਵੀ ਵਧੇਰੇ ਨਜ਼ਰੀ ਆਉਂਦੀ ਹੈ।

## ਸਹਾਇਕ ਪੁਸਤਕ ਸੂਚੀ


1. ***ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ***
2. **ਹਜਾਰੀ ਪ੍ਰਸਾਦ ਦ੍ਵਿਵੇਦੀ**, ***ਕਬੀਰ***
3. **ਕਬੀਰ ਗ੍ਰੰਥਾਵਲੀ**
4. Bühler, Georg, **Grundriss der Indo-orischen Philologie and Altertumskunde (Encyclopedia of Indo-Aryan research)**
5. Risley, Herbert Hope, **The People of India**